**ਨਿਊਜ਼** ਰਿਲੀਜ਼

# ਬਜਟ 2024: ਸੁਰੱਖਿਅਤ, ਸੁਆਗਤ ਕਰਨ ਵਾਲੇ ਭਾਈਚਾਰਿਆਂ ਵਿੱਚ ਨਿਵੇਸ਼ ਕਰਨਾ

29 ਫਰਵਰੀ, 2024

---

ਅਗਲੇ ਸਾਲ ਲਈ ਸੂਬਾਈ ਸਰਕਾਰ ਦਾ ਨਵਾਂ ਬਜਟ ਅਲਬਰਟਾ ਵਾਸੀਆਂ ਨੂੰ ਜੰਗਲ ਦੀਆਂ ਅੱਗ, ਹੜ੍ਹਾਂ ਅਤੇ ਸੋਕੇ ਵਰਗੇ ਖ਼ਤਰਿਆਂ ਤੋਂ ਸੁਰੱਖਿਅਤ ਰੱਖੇਗਾ।

ਇਹ ਹੋਰ ਪੁਲਿਸ ਲਈ ਪੈਸੇ ਵੀ ਜੋੜਦਾ ਹੈ।

ਪਿਛਲੀਆਂ ਗਰਮੀਆਂ ਦੀਆਂ ਜੰਗਲੀ ਅੱਗਾਂ, ਹੜ੍ਹਾਂ ਅਤੇ ਸੋਕੇ ਦੀਆਂ ਸਥਿਤੀਆਂ ਨੇ ਅਲਬਰਟਾ ਦੇ ਕਈ ਹਿੱਸਿਆਂ ਨੂੰ ਪ੍ਰਭਾਵਿਤ ਕੀਤਾ ਸੀ। ਬਜਟ 2024 ਜੰਗਲੀ ਅੱਗ ਦੀ ਰੋਕਥਾਮ ਅਤੇ ਅੱਗ ਬੁਝਾਊ ਸੇਵਾਵਾਂ, ਹੜ੍ਹ ਅਤੇ ਸੋਕੇ ਨੂੰ ਘਟਾਉਣ ਦੇ ਪ੍ਰੋਜੈਕਟਾਂ ਵਿੱਚ ਵੱਡੇ ਨਿਵੇਸ਼ਾਂ ਰਾਹੀਂ ਅਲਬਰਟਾ ਵਾਸੀਆਂ ਅਤੇ ਉਹਨਾਂ ਦੇ ਭਾਈਚਾਰਿਆਂ ਦੀ ਰੱਖਿਆ ਕਰਦਾ ਹੈ। ਇਸ ਵਿਚ ਸ਼ਾਮਲ ਹਨ:

- ਅਲਬਰਟਾ ਵਾਸੀਆਂ, ਸੰਪਤੀਆਂ ਅਤੇ ਕਾਰੋਬਾਰਾਂ ਦੀ ਸੁਰੱਖਿਆ ਲਈ ਹੜ੍ਹਾਂ ਅਤੇ ਸੋਕੇ ਤੋਂ ਬਚਾਅ ਦੇ ਪ੍ਰੋਜੈਕਟਾਂ ਲਈ ਤਿੰਨ ਸਾਲਾਂ ਵਿੱਚ $251 ਮਿਲੀਅਨ ਪੂੰਜੀ ਫੰਡਿੰਗ।
- ਮਿਉਂਸਪਲ ਅਤੇ ਖੇਤਰੀ ਪਾਣੀ ਅਤੇ ਗੰਦੇ ਪਾਣੀ ਦੇ ਪ੍ਰੋਜੈਕਟਾਂ ਲਈ ਤਿੰਨ ਸਾਲਾਂ ਵਿੱਚ $539 ਮਿਲੀਅਨ।
- ਅਲਬਰਟਾ ਦੀ ਜੰਗਲੀ ਅੱਗ ਪ੍ਰਤੀਕਿਰਿਆ ਦੀ ਤਿਆਰੀ ਨੂੰ ਬਿਹਤਰ ਬਣਾਉਣ ਲਈ ਅਗਲੇ ਤਿੰਨ ਸਾਲਾਂ ਵਿੱਚ $151 ਮਿਲੀਅਨ ਵਾਧੂ ਓਪਰੇਟਿੰਗ ਡਾਲਰ।
- ਨਵੇਂ ਜੰਗਲੀ ਅੱਗ ਉਪਕਰਨਾਂ ਅਤੇ ਸਹੂਲਤਾਂ ਲਈ ਤਿੰਨ ਸਾਲਾਂ ਵਿੱਚ $55 ਮਿਲੀਅਨ।
- ਕਿਸਾਨਾਂ ਦੀ ਸਹਾਇਤਾ ਲਈ ਨਵੇਂ ਸਿੰਚਾਈ ਪ੍ਰੋਜੈਕਟਾਂ ਸਮੇਤ ਸਤਹੀ ਪਾਣੀ ਦੇ ਪ੍ਰਬੰਧਨ ਲਈ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਲਈ $418 ਮਿਲੀਅਨ

ਅਲਬਰਟਾ ਵਾਸੀਆਂ ਨੂੰ ਉਹਨਾਂ ਦੇ ਭਾਈਚਾਰਿਆਂ ਵਿੱਚ ਸੁਰੱਖਿਅਤ ਮਹਿਸੂਸ ਕਰਨ ਵਿੱਚ ਮਦਦ ਕਰਨ ਲਈ, ਵਿੱਤੀ ਯੋਜਨਾ ਵਿੱਚ ਸ਼ਾਮਲ ਹੈ:

- ਨਵੇਂ ਪੁਲਿਸ ਅਤੇ ਫਸਟ ਰਿਸਪੋਂਡਰਜ਼ ਦੇ ਸਾਜ਼ੋ-ਸਾਮਾਨ ਅਤੇ ਸਹੂਲਤਾਂ ਲਈ $49 ਮਿਲੀਅਨ
- ਸੇਫ਼ ਸਟਰੀਟਸ ਐਕਸ਼ਨ ਪਲਾਨ ਰਾਹੀਂ ਕੈਲਗਰੀ ਅਤੇ ਐਡਮੰਟਨ ਵਿੱਚ ਉੱਚ ਅਪਰਾਧ ਵਾਲੇ ਖੇਤਰਾਂ ਵਿੱਚ 100 ਪੁਲਿਸ ਅਫਸਰਾਂ ਲਈ $10 ਮਿਲੀਅਨ।
- ਅਪਰਾਧ ਦੀ ਰੋਕਥਾਮ, ਭਾਈਚਾਰਕ ਸੁਰੱਖਿਆ ਅਤੇ ਨਫ਼ਰਤ ਸੰਬੰਧੀ ਅਪਰਾਧਾਂ ਲਈ $8 ਮਿਲੀਅਨ ਗ੍ਰਾਂਟ।

- ਪਰਿਵਾਰਕ ਹਿੰਸਾ ਦੇ ਪੀੜਤਾਂ ਅਤੇ ਹਮਲੇ ਦੇ ਖਤਰੇ ਵਿੱਚ ਔਰਤਾਂ ਦੀ ਸਹਾਇਤਾ ਲਈ $85 ਮਿਲੀਅਨ।

"ਅਲਬਰਟਾ ਵਾਸੀਆਂ ਨੂੰ ਆਪਣੇ ਭਾਈਚਾਰਿਆਂ ਵਿੱਚ ਕੰਮ ਕਰਨ ਅਤੇ ਰਹਿਣ ਲਈ ਸੁਰੱਖਿਅਤ ਮਹਿਸੂਸ ਕਰਨ ਦਾ ਅਧਿਕਾਰ ਹੈ, ਅਤੇ ਇਹ ਬਜਟ ਇਹ ਯਕੀਨੀ ਬਣਾਉਂਦਾ ਹੈ ਕਿ ਅਸੀਂ ਇਸ ਸੂਬੇ ਵਿੱਚ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਹੀ ਸਾਧਨ ਪ੍ਰਦਾਨ ਕਰ ਸਕੀਏ।”

*ਮਾਈਕ ਐਲਿਸ, ਜਨਤਕ ਸੁਰੱਖਿਆ ਅਤੇ ਐਮਰਜੈਂਸੀ ਸੇਵਾਵਾਂ ਦੇ ਮੰਤਰੀ*

**ਮੀਡੀਆ ਪੁੱਛਗਿੱਛ**

Arthur Green (ਆਰਥਰ ਗ੍ਰੀਨ)

arthur.green@gov.ab.ca
587-357-0108
ਪ੍ਰੈੱਸ ਸਕੱਤਰ, ਜਨਤਕ ਸੁਰੱਖਿਆ ਅਤੇ ਐਮਰਜੈਂਸੀ ਸੇਵਾਵਾਂ